ਇਲਾਜ ਰਾਹੀਂ ਮੇਰੇ ਡਾਕਟਰ ਨੂੰ ਮੇਰੀਆਂ ਤਰਜੀਹਾਂ ਬਾਰੇ ਜਾਣਨ ਵਿੱਚ ਮਦਦ ਕਰਨਾ

ਤੁਹਾਡੇ ਵਿੱਚ ਬਲੈਡਰ ਕੈਂਸਰ ਦੀ ਪਛਾਣ ਕੀਤੀ ਗਈ ਹੈ—ਇਸ ਤੋਂ ਬਾਅਦ ਕੀ ਹੋਵੇਗਾ?

ਤੁਹਾਡੀ ਤਸ਼ਖੀਸ ਰਾਹੀਂ, ਯਾਦ ਰੱਖੋ ਕਿ ਤੁਹਾਡੀ ਸਿਹਤ-ਸੰਭਾਲ ਟੀਮ ਇੱਕ ਅਜਿਹੀ ਇਲਾਜ ਯੋਜਨਾ ਲੱਭਣ ਲਈ ਪ੍ਰਤਿਬੱਧ ਹੈ ਜੋ ਤੁਹਾਡੇ ਵਾਸਤੇ ਸਭ ਤੋਂ ਵਧੀਆ ਕੰਮ ਕਰੇ। ਅਗਲੇ ਕਦਮ ਵਜੋਂ, ਆਪਣੇ ਡਾਕਟਰ ਨਾਲ ਵਿਕਲਪਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਇਸ ਸ਼ੀਟ ਨੂੰ ਇੱਕ ਮਦਦਗਾਰੀ ਗਾਈਡ ਵਜੋਂ ਵਰਤੋ।

ਤੁਹਾਡੀ ਤਸ਼ਖੀਸ

- ◯ ਤੁਹਾਨੂੰ **ਗੈਰ-ਮਾਸਪੇਸ਼ੀ ਹਮਲਾਵਰ** ਬਲੈਡਰ ਕੈਂਸਰ ਹੈ। ਇਸਦਾ ਮਤਲਬ ਇਹ ਹੈ ਕਿ ਤੁਹਾਡੀਆਂ ਰਸੌਲੀਆਂ ਨੇ ਬਲੈਡਰ ਦੀ ਮਾਸਪੇਸ਼ੀ 'ਤੇ ਹਮਲਾ ਨਹੀਂ ਕੀਤਾ ਹੈ।
- ◯ ਤੁਹਾਨੂੰ **ਮਾਸਪੇਸ਼ੀ ਹਮਲਾਵਰ** ਬਲੈਡਰ ਕੈਂਸਰ ਹੈ। ਇਸਦਾ ਮਤਲਬ ਇਹ ਹੈ ਕਿ ਤੁਹਾਡੀਆਂ ਰਸੌਲੀਆਂ ਨੇ ਬਲੈਡਰ ਦੀ ਮਾਸਪੇਸ਼ੀ 'ਤੇ ਹਮਲਾ ਕਰ ਦਿੱਤਾ ਹੈ।
- ◯ ਤੁਹਾਨੂੰ **ਐਡਵਾਂਸਡ ਮੈਟਾਸਟੈਟਿਕ** ਬਲੈਡਰ ਕੈਂਸਰ ਹੈ। ਇਸਦਾ ਮਤਲਬ ਇਹ ਹੈ ਕਿ ਤੁਹਾਡੀਆਂ ਰਸੌਲੀਆਂ ਵਧਕੇ ਬਲੈਡਰ ਦੀ ਕੰਧ ਪਾਰ ਕਰ ਗਈਆਂ ਹਨ ਜਾਂ ਤੁਹਾਡੇ ਸਰੀਰ ਦੇ ਹੋਰਨਾਂ ਭਾਗਾਂ ਵਿੱਚ ਫੈਲ ਗਈਆਂ ਹਨ।

ਮੈਨੂੰ ਜਾਣੋ: ਸਹੀ ਇਲਾਜ ਯੋਜਨਾ ਲੱਭਣਾ

ਬਲੈਡਰ ਕੈਂਸਰ ਲਈ ਵੱਖ-ਵੱਖ ਕਿਸਮਾਂ ਦੇ ਇਲਾਜ ਉਪਲਬਧ ਹਨ, ਪਰ **ਹਰ ਵਿਅਕਤੀ ਵੱਖਰਾ ਹੁੰਦਾ ਹੈ - ਇਸ ਲਈ ਆਪਣੀ ਸਿਹਤ ਸੰਭਾਲ ਟੀਮ ਨਾਲ ਇਸ ਬਾਰੇ ਗੱਲ ਕਰਨਾ ਮਹੱਤਵਪੂਰਨ ਹੈ ਕਿ ਅੱਗੇ ਦੀ ਯਾਤਰਾ ਦੌਰਾਨ** ਤੁਹਾਡੇ ਲਈ ਸਭ ਤੋਂ ਮਹੱਤਵਪੂਰਨ ਕੀ ਹੈ।

ਮਰੀਜ਼ ਸਰਵੇਖਣ

ਇਲਾਜ ਦੇ ਟੀਚੇ
1 = ਸਭ ਤੋਂ ਘੱਟ ਮਹੱਤਵਪੂਰਨ, 5 = ਸਭ ਤੋਂ ਮਹੱਤਵਪੂਰਨ

	1	2	3	4	5
ਉਦੇਸ਼: ਤੁਹਾਡੇ ਕੈਂਸਰ ਨੂੰ ਠੀਕ ਕਰਨਾ ਜਾਂ ਹੌਲੀ ਕਰਨਾ	◯	◯	◯	◯	◯
ਮਾੜੇ ਪ੍ਰਭਾਵ: ਜੋਖ਼ਮ ਅਤੇ ਵਾਪਰਨ ਦੀ ਤੀਬਰਤਾ	◯	◯	◯	◯	◯
ਜੀਵਨ ਦੀ ਗੁਣਵੱਤਾ: ਵੱਧ ਤੋਂ ਵੱਧ ਸੰਭਵ ਹੱਦ ਤੱਕ ਠੀਕ ਮਹਿਸੂਸ ਕਰਦੇ ਹੋਏ ਜੀਵਨ ਵਿੱਚ ਚੀਜ਼ਾਂ ਦਾ ਅਨੰਦ ਲੈਣ ਦੇ ਯੋਗ ਹੋਣਾ	◯	◯	◯	◯	◯
ਸਹੂਲਤ: ਥੋੜ੍ਹੀ ਜਿਹੀ ਮੁਸ਼ਕਿਲ ਦੇ ਨਾਲ, ਇਲਾਜ ਲੈਣਾ ਅਸਾਨ ਹੈ	◯	◯	◯	◯	◯
ਆਸਾਨ ਪਹੁੰਚ: ਦਵਾਈ ਪ੍ਰਾਪਤ ਕਰਨਾ ਆਸਾਨ ਹੈ, ਜਾਂ ਤਾਂ ਜਨਤਕ ਕਵਰੇਜ ਜਾਂ ਨਿੱਜੀ ਬੀਮੇ ਰਾਹੀਂ	◯	◯	◯	◯	◯

1. ਚੋਟੀ ਦੀਆਂ 2 ਚੀਜ਼ਾਂ ਜੋ ਮੈਨੂੰ ਆਪਣੇ ਆਪ ਵਰਗਾ ਮਹਿਸੂਸ ਕਰਨਾ ਜਾਰੀ ਰੱਖਣ ਲਈ ਹਰ ਹਫ਼ਤੇ ਕਰਨ ਦੇ ਯੋਗ ਹੋਣ ਦੀ ਜ਼ਰੂਰਤ ਹੈ:

_____

_____

2. ਚੋਟੀ ਦੀਆਂ 2 ਚੀਜ਼ਾਂ ਜਿਨ੍ਹਾਂ ਦੀ ਮੈਨੂੰ ਭਵਿੱਖ ਵਿੱਚ ਉਤਸੁਕਤਾ ਨਾਲ ਉਡੀਕ ਹੈ:

_____

_____

ਤੁਹਾਡੇ ਡਾਕਟਰ ਨਾਲ ਇਲਾਜ ਦੇ ਵਿਕਲਪਾਂ ਬਾਰੇ ਵਿਚਾਰ-ਵਟਾਂਦਰੇ ਦਾ ਮਾਰਗ ਦਰਸ਼ਨ ਕਰਨ ਲਈ ਵਧੀਕ ਨੁਕਤੇ:

1. ਮੇਰੇ ਇਲਾਜ ਦੇ ਵਿਕਲਪ ਕੀ ਹਨ, ਉਹ ਕਿੰਨ੍ਹੇ ਕੁ ਅਸਰਦਾਰ ਹਨ, ਅਤੇ ਕੀ ਇਹਨਾਂ ਵਿਕਲਪਾਂ ਬਾਰੇ ਦੂਜੀ ਰਾਏ ਲੈਣਾ ਸੰਭਵ ਹੈ?

2. ਹਰੇਕ ਇਲਾਜ ਵਿਕਲਪ ਦੇ ਮਾੜੇ ਪ੍ਰਭਾਵ ਕੀ ਹਨ, ਅਤੇ ਇਹ ਮੇਰੇ ਰੋਜ਼ਾਨਾ ਰੁਟੀਨ ਅਤੇ ਜੀਵਨ ਦੀ ਗੁਣਵੱਤਾ ਨੂੰ ਕਿਵੇਂ ਪ੍ਰਭਾਵਿਤ ਕਰਨਗੇ?

3. ਤੈਅ-ਮੁਲਾਕਾਤਾਂ, ਇਲਾਜ, ਅਤੇ ਰਿਕਵਰੀ ਲਈ ਮੈਨੂੰ ਕਿੰਨ੍ਹੇ ਕੁ ਸਮਾਂ ਦੇਣ ਲਈ ਵਚਨਬੱਧ ਹੋਣਾ ਪਵੇਗਾ?

4. ਮੇਰਾ ਇਲਾਜ ਕਿੱਥੇ ਦਿੱਤਾ ਜਾਵੇਗਾ, ਅਤੇ ਕੀ ਮੈਨੂੰ ਇਸਨੂੰ ਪ੍ਰਾਪਤ ਕਰਨ ਲਈ ਯਾਤਰਾ ਕਰਨੀ ਪਵੇਗੀ?

5. ਮੇਰੇ ਇਲਾਜ ਦੇ ਵਿਕਲਪਾਂ ਦੀ ਲਾਗਤ ਕੀ ਹੈ, ਅਤੇ ਕੀ ਉਹ ਬੀਮੇ ਦੁਆਰਾ ਕਵਰ ਕੀਤੇ ਜਾਂਦੇ ਹਨ?

6. ਕੀ ਮੇਰੇ ਵਿਕਲਪਾਂ ਦੀ ਖੋਜ ਕਰਨ ਅਤੇ ਇਲਾਜ ਵਿੱਚ ਵਿੱਚ ਮੇਰੀ ਮਦਦ ਕਰਨ ਲਈ ਕੋਈ ਸਹਾਇਤਾ ਪ੍ਰੋਗਰਾਮ ਜਾਂ ਸਰੋਤ ਉਪਲਬਧ ਹਨ?

7. ਮੈਨੂੰ ਕਿੰਨ੍ਹੀ ਕੁ ਜਲਦੀ ਕਿਸੇ ਇਲਾਜ ਬਾਰੇ ਫੈਸਲਾ ਕਰਨ ਦੀ ਲੋੜ ਹੈ?

8. ਜਦੋਂ ਮੈਂ ਕਿਸੇ ਵਿਕਲਪ ਬਾਰੇ ਫੈਸਲਾ ਕਰਦਾ/ਦੀ ਹਾਂ, ਤਾਂ ਅਗਲੇ ਕਦਮ ਕੀ ਹਨ?

ਮੇਰੀ ਕਹਾਣੀ ਜਾਣਨਾ
ਮੈਨੂੰ ਜਾਣਨਾ ਹੈ

ਤੁਹਾਡੀ ਕਹਾਣੀ ਮਾਅਨੇ ਰੱਖਦੀ ਹੈ! ਆਪਣੇ ਆਪ ਨੂੰ ਕਿਵੇਂ ਜਾਣਨਾ ਹੈ ਇਹ ਜਾਣਨ ਲਈ ਹੁਣੇ ਸਕੈਨ ਕਰੋ।

"ਮੈਨੂੰ ਲਗਦਾ ਹੈ ਕਿ ਆਪਣੀ ਸਥਿਤੀ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨਾ ਮਹੱਤਵਪੂਰਨ ਹੈ।"

ਜੈਕ, 72

16 ਸਾਲ ਪਹਿਲਾਂ ਬਲੈਡਰ ਕੈਂਸਰ ਦੀ ਪਛਾਣ ਕੀਤੀ ਗਈ ਸੀ*

* ਅਸਲ ਮਰੀਜ਼।

ਤੁਹਾਡੀ ਤਸ਼ਖੀਸ, ਇਲਾਜ ਦੇ ਵਿਕਲਪਾਂ, ਅਤੇ ਤੁਹਾਡੇ ਨੇੜੇ ਸਹਾਇਤਾ ਗਰੁੱਪਾਂ ਬਾਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਦੇਖੋ **bladdercancercanada.org**

ਕਿਸੇ ਵੀ ਹੋਰ ਜਾਣਕਾਰੀ ਵਾਸਤੇ, ਅੱਜ ਹੀ
Bladder Cancer Canada ਨਾਲ ਸੰਪਰਕ ਕਰੋ।

1-866-674-8889 (ਟੋਲ-ਫ੍ਰੀ)
info@bladdercancercanada.org
bladdercancercanada.org

BLADDER CANCER CANADA / CANCER DE LA VESSIE CANADA